SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 157 | Wednesday, 28 August 2024 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ*

## ਸਾਸਕਾਟੂਨ ਦੀ ਔਰਤ 'ਤੇ ਪਤੀ ਦੇ ਕਤਲ ਦਾ ਮਾਮਲਾ ਦਰਜ

ਸਸਕੈਚਵਨ, 27 ਅਗਸਤ (ਪੋਸਟ ਬਿਊਰੋ): ਲਾਰੇਨ ਬੇਸੇ ਸੋਮਵਾਰ ਸਵੇਰੇ ਅਦਾਲਤ ਵਿੱਚ ਪੇਸ਼ ਹੋਏ, ਉਨ੍ਹਾਂ 'ਤੇ ਆਪਣੇ ਪਤੀ ਡੈਨੀ ਮੈਗੋਵਨ ਦੀ ਮੌਤ ਦੇ ਮਾਮਲੇ ਵਿੱਚ ਫ੍ਰਸਟ ਡਿਗਰੀ ਕਤਲ ਦਾ ਦੋਸ਼ ਹੈ।



ਸ਼ੁੱਕਰਵਾਰ ਨੂੰ ਲੱਗਭੱਗ 7 ਵਜੇ ਸੀਐੱਸਟੀ 'ਤੇ ਵਾਰਮਨ ਆਰਸੀਐੱਮਪੀ ਨੇ ਕਿਹਾ ਕਿ ਉਨ੍ਹਾਂ ਨੂੰ ਕਾਰਮਨ ਪਾਰਕ ਦੀ ਦਿਹਾਤੀ ਨਗਰਪਾਲਿਕਾ ਦੇ ਇੱਕ ਘਰ ਵਿੱਚ ਇੱਕ ਜ਼ਖ਼ਮੀ ਵਿਅਕਤੀ ਬਾਰੇ ਕਾਲ ਆਇਆ, ਜੋ ਸਾਸਕਾਟੂਨ ਦੇ ਬਾਹਰੀ ਇਲਾਕਿਆਂ ਵਿੱਚ ਸਥਿਤ ਹੈ।

ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ 42 ਸਾਲਾ ਵਿਅਕਤੀ ਮਿਲਿਆ, ਜਿਸਨੂੰ ਪੈਰਾਮੇਡਿਕਸ ਨੇ ਘਟਨਾ ਸਥਾਨ 'ਤੇ ਮ੍ਰਿਤਕ ਐਲਾਨ ਦਿੱਤਾ। ਉਸ ਵਿਅਕਤੀ ਦੀ ਪਹਿਚਾਣ ਮੈਗੋਵਨ ਦੇ ਰੂਪ ਵਿੱਚ ਹੋਈ।

ਆਰਸੀਐੱਮਪੀ ਦੀ ਪ੍ਰਮੁੱਖ ਅਪਰਾਧ ਇਕਾਈ ਨੇ ਜਾਂਚ ਆਪਣੇ ਹੱਥ ਵਿੱਚ ਲੈ ਲਈ ਅਤੇ 35 ਸਾਲਾ ਲਾਰੇਨ ਬੇਸੇ 'ਤੇ ਫ੍ਰਸਟ ਡਿਗਰੀ ਕਤਲ ਦਾ ਇੱਕ ਮਾਮਲਾ ਦਰਜ ਕੀਤਾ। ਆਰਸੀਐੱਮਪੀ ਦਾ ਕਹਿਣਾ ਹੈ ਕਿ ਉਹ ਵੀ ਕਾਰਮਨ ਪਾਰਕ ਦੀ ਰਹਿਣ ਵਾਲੀ ਸੀ ਅਤੇ ਉਸਨੂੰ ਉਥੋਂ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। ਬੇਸੇ ਨੂੰ 9 ਸਤੰਬਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ।

## ਇੰਮੀਗਰੇਸ਼ਨ ਮੰਤਰੀ ਨੇ ਕਿਹਾ ਕਿ ਸਥਾਈ ਨਿਵਾਸ ਦੇ ਪੱਧਰਾਂ ਵਿਚ ਹੋਣ ਵਾਲੇ ਬਦਲਾਅ ਮਹੱਤਵਪੂਰਣ ਹੋਣਗੇ

ਓਟਵਾ, 27 ਅਗਸਤ (ਪੋਸਟ ਬਿਊਰੋ): ਇੰਮੀਗਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਫੈਡਰਲ ਸਰਕਾਰ ਕੈਨੇਡਾ ਵਿੱਚ ਸਥਾਈ ਨਿਵਾਸੀ ਪੱਧਰਾਂ ਦਾ ਮੁੜਮੁਲਾਂਕਣ ਕਰਨ ਲਈ ਕਈ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ ਅਤੇ ਕਿਹਾ ਕਿ ਆਉਣ ਵਾਲੇ ਕੋਈ ਵੀ ਬਦਲਾਅ ਕਾਸਮੈਟਿਕ ਨਹੀਂ ਸਗੋਂ ਮਹੱਤਵਪੂਰਨ ਹੋਣਗੇ।



ਮਿਲਰ ਨੇ ਸੋਮਵਾਰ ਨੂੰ ਇੱਕ ਇੰਟਰਵਿਊ ਵਿੱਚ ਕਿਹਾ ਕਿ ਹੁਣ ਉਨ੍ਹਾਂ 'ਤੇ ਵਿਚਾਰ ਕਰਨ ਅਤੇ ਪ੍ਰਧਾਨ ਮੰਤਰੀ ਅਤੇ ਹੋਰ ਕੈਬਨਿਟ ਮੰਤਰੀਆਂ ਲਈ ਅਸਲੀ ਵਿਕਲਪ ਰੱਖਣ ਦਾ ਸਮਾਂ ਆ ਗਿਆ ਹੈ, ਨਾ ਕਿ ਸਿਰਫ਼ ਜਨਮਤ ਨਾਲ ਨਿਪਟਨ ਲਈ ਕਾਸਮੈਟਿਕ ਬਦਲਾਅ ਸਗੋਂ ਅਸਲੀ ਮਹੱਤਵਪੂਰਣ ਬਦਲਾਅ ਲਈ। ਮਿਲਰ ਨੇ ਮੰਗਲਵਾਰ ਤੱਕ ਹੈਲੀਫੈਕਸ ਵਿੱਚ ਚੱਲ ਰਹੇ ਲਿਬਰਲ ਕੈਬਨਿਟ ਰਿਟਰੀਟ ਵਿੱਚ ਭਾਗ ਲੈਣ ਦੌਰਾਨ ਇਹ ਟਿੱਪਣੀ ਕੀਤੀ।

ਹਾਲਾਂਕਿ ਕਈ ਕੈਨੇਡੀਅਨ housing and affordability ਸਬੰਧੀ ਚਿੰਤਾਵਾਂ ਦਾ ਸਾਮਣਾ ਕਰ ਰਹੇ ਹਨ, ਇਸ ਲਈ ਫੈਡਰਲ ਸਰਕਾਰ 'ਤੇ ਕੈਨੇਡਾ ਆਉਣ ਵਾਲੇ ਅਸਥਾਈ ਅਤੇ ਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਸੰਬੋਧਿਤ ਕਰਨ ਲਈ ਲਗਾਤਾਰ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ...ਬਾਕੀ ਪੰਨਾ 2 'ਤੇ

## ਰਾਇਲ ਕੈਨੇਡੀਅਨ ਨੇਵੀ ਹੈੱਡਕੁਆਟਰ ਟੀਮ ਦੀ ਮੈਂਬਰ ਸ਼ੱਕੀ ਹਾਲਤਾਂ ਵਿਚ ਘਰ ਵਿਚ ਮ੍ਰਿਤ ਮਿਲੀ

ਓਟਵਾ, 27 ਅਗਸਤ (ਪੋਸਟ ਬਿਊਰੋ): ਐਤਵਾਰ ਸ਼ਾਮ ਨੂੰ ਓਟਵਾ ਦੇ ਪੱਛਮੀ ਇੰਡ 'ਤੇ ਇੱਕ ਘਰ ਅੰਦਰ ਸ਼ੱਕੀ ਹਾਲਤਾਂ ਵਿਚ 47 ਸਾਲਾ ਔਰਤ ਮ੍ਰਿਤ ਮਿਲੀ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸ਼ਾਮ ਕਰੀਬ 6:40 ਵਜੇ ਹਾਈਵੇ 7 ਦੇ ਉੱਤਰ ਵਿੱਚ ਦਿਹਾਤੀ ਖੇਤਰ ਲੇਡੀ ਸਲਿਪਰ ਵੇਅ 'ਤੇ ਇੱਕ ਪਤੇ 'ਤੇ ਬੁਲ-ਾਇਆ ਗਿਆ ਸੀ। ਔਰਤ ਦੀ ਪਹਿਚਾਣ ਓਟਵਾ ਦੀ 47 ਸਾਲਾ ਜੇਨੀਫਰ ਜਬਾਰੀਲੋ ਦੇ ਰੂਪ ਵਿੱਚ ਹੋਈ ਹੈ।



ਰਾਸ਼ਟਰੀ ਰੱਖਿਆ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਜ਼ਬਾਰੀਲੋ ਇੱਕ ਸਿਵਲ ਕਰਮਚਾਰੀ ਸੀ ਅਤੇ ਰਾਇਲ ਕੈਨੇਡੀਅਨ ਨੇਵੀ ਹੈੱਡਕੁਆਟਰ ਟੀਮ ਦੀ ਲੰਬੇ ਸਮੇਂ ਵਲੋਂ ਮੈਂਬਰ ਸੀ। ਉਹ 2000 ਤੋਂ 2018 ਤੱਕ 18 ਸਾਲਾਂ ਤੱਕ ਇੱਕ ਜ਼ਿੰਮੇਵਾਰ ਕਰਮਚਾਰੀ ਰਹੇ। ਸਾਨੂੰ ਉਨ੍ਹਾਂ ਦੀ ਮੌਤ 'ਤੇ ਬਹੁਤ ਦੁੱਖ ਹੋਇਆ ਹੈ।

ਓਟਵਾ ਦੇ 55 ਸਾਲਾ ਮਾਈਕਲ ਜ਼ਬਾਰੀਲੋ 'ਤੇ ਸੈਕੰਡ ਡਿਗਰੀ ਕਤਲ ਦਾ ਚਾਰਜਿਜ਼ ਲਗਾਇਆ ਗਿਆ ਹੈ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਉਹ ਦੋਵੇਂ ਵਿਆਹੇ ਹੋਏ ਸਨ।

ਸੋਮਵਾਰ ਨੂੰ ਓਟਾਵਾ ਪੁਲਿਸ ਨੇ ਕਿਹਾ ਕਿ ਜਾਂਚ ਦੇ ਸੰਦਰਭ ਵਿੱਚ, ਅਸੀਂ ਇਸ ਮੌਤ ਨੂੰ ਇੱਕ Femicide ਹੱਤਿਆ ਮੰਨਦੇ ਹਾਂ ਕਿਉਂਕਿ ਇਹ intimate partner violence ਦੇ ਸੰਦਰਭ ਵਿੱਚ ਹੋਈ ਹੈ, ਜੋ ਔਰਤ ਵਿਰੋਧੀ ਹੱਤਿਆਵਾਂ ਦੇ ਕਈ ਰੂਪਾਂ ਵਿੱਚੋਂ ਇੱਕ ਹੈ।

ਓਟਵਾ ਪੈਰਾਮੇਡਿਕਸ ਦੇ ਬੁਲਾਰੇ ਨੇ ਦੱਸਿਆ ਕਿ ਔਰਤ ਦੇ ਗੰਭੀਰ ਸੱਟਾਂ ਲੱਗੀਆਂ ਹੋਈਆਂ ਸਨ ਅਤੇ ਉਸਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮਾਈਕਲ ਜ਼ਬਾਰੀਲੋ ਨੂੰ ਸੋਮਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ।

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨਾ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ ਮੁਫ਼ਤ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2


Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598



## ਅੱਜ ਨਾਮਾ

ਡਾਕਟਰ ਭਾਰਤ ਦੇ ਬਹੁਤ ਕਮਾਲ ਬੇਲੀ,
ਪੂਰੇ ਵਿਸ਼ਵ ਵਿੱਚ ਮਾਣ-ਸਨਮਾਨ ਬੇਲੀ।
ਆਖਰੀ ਦਮਾਂ ਤੱਕ ਪਹੁੰਚਿਆ ਹੋਏ ਬੰਦਾ,
ਕਰਨ ਜਦ ਯਤਨ ਬਚਾ ਲੈਣ ਜਾਨ ਬੇਲੀ।
ਭੁੱਲ ਤਾਂ ਕਿਸੇ ਤੋਂ ਕਦੀ ਕੋਈ ਹੋ ਸਕਦੀ,
ਸਭ ਨੂੰ ਇਹਦਾ ਵੀ ਕੁੱਲ ਗਿਆਨ ਬੇਲੀ।
ਫਿਰ ਵੀ ਕਦੇ ਉਹ ਕਰਨ ਜਦ ਬੇਵਕੂਫੀ,
ਸ਼ਰਮਸਾਰ ਹੁੰਦਾ ਤਦ ਹਿੰਦੁਸਤਾਨ ਬੇਲੀ।
ਫਿਰ ਇੱਕ ਕੇਸ ਭੋਪਾਲ ਵਿੱਚ ਇੰਜ ਕੀਤਾ,
ਦਿੱਤਾ ਈ ਡਾਕਟਰ ਨੇ ਕੰਮ ਵਿਗਾੜ ਬੇਲੀ।
ਜਵਾਨ ਕਿਸਾਨ ਦੀ ਅੱਖ ਦੇ ਵਿੱਚ ਉਸ ਨੇ,
ਛੱਡਿਆ ਲੈਨਜ਼ ਖਰਾਬ ਪਿਆ ਚਾੜ੍ਹ ਬੇਲੀ।

**ਤੀਸ ਮਾਰ ਖਾਂ**

## 22 ਅਗਸਤ ਤੋਂ ਲਾਪਤਾ ਮਾਂ ਅਤੇ ਬੇਟੀ ਦੀ ਭਾਲ ਕਰ ਰਹੀ ਦੱਖਣੀ ਅਲਬਰਟਾ ਆਰਸੀਐੱਮਪੀ



ਕੈਲਗਰੀ, 27 ਅਗਸਤ (ਪੋਸਟ ਬਿਊਰੋ): ਦੱਖਣੀ ਅਲਬਰਟਾ ਆਰਸੀਐੱਮਪੀ (RCMP) ਇੱਕ ਲਾਪਤਾ ਮਾਂ ਅਤੇ ਬੇਟੀ ਦੀ ਭਾਲ ਕੀਤੀ ਜਾ ਰਹੀ ਹੈ।

ਮਾਊਂਟੀਜ ਦਾ ਕਹਿਣਾ ਹੈ ਕਿ 24 ਸਾਲਾ ਡੇਸਿਰੀ ਡੀ ਏਵਿਲਾ ਅਤੇ ਉਨ੍ਹਾਂ ਦੀ ਤਿੰਨ ਸਾਲਾ ਬੇਟੀ ਚੈਸਟਿਟੀ ਡੀ ਏਵਿਲਾ ਨੂੰ ਆਖਰੀ ਵਾਰ ਵੀਰਵਾਰ, 22 ਅਗਸਤ ਨੂੰ ਸਵੇਰੇ 9:41 ਵਜੇ ਕੈਲਗਰੀ ਤੋਂ ਲਗਭਗ 60 ਕਿਲੋਮੀਟਰ ਦੱਖਣ ਵਿੱਚ ਨੈਨਟਨ ਸ਼ਹਿਰ ਵਿੱਚ ਵੇਖਿਆ ਗਿਆ ਸੀ।

ਆਰਸੀਐੱਮਪੀ ਦਾ ਮੰਨਣਾ ਹੈ ਕਿ ਦੋਵੇਂ ਲਗਭਗ 500 ਕਿਲੋਮੀਟਰ ਦੂਰ ਕੈਸਲਗਰ, ਬੀ. ਸੀ. ਜਾ ਰਹੀਆਂ ਸਨ।

ਅਜਿਹਾ ਮੰਨਿਆ ਜਾਂਦਾ ਹੈ ਕਿ ਉਹ 2011 ਦੀ ਸਿਲਵਰ ਕੀਆ ਰੀਓ ਵਿਚ ਹਨ, ਜਿਸ ’ਤੇ ਅਲਬਰਟਾ ਲਾਈਸੈਂਸ ਪਲੇਟ CSJ 0467 ਹੈ।

ਡੇਸਿਰੀ ਦਾ ਕੱਦ 5' 4" (163 ਸੈਂਟੀਮੀਟਰ) ਅਤੇ ਭਾਰ 116 ਪਾਊਂਡ (53 ਕਿੱਲੋਗ੍ਰਾਮ) ਦੱਸਿਆ ਗਿਆ ਹੈ। ਜਿਸਦੇ ਵਾਲ ਕਾਲੇ ਅਤੇ ਅੱਖਾਂ ਭੂਰੀਆਂ ਹਨ।

ਚੈਸਟਿਟੀ ਦਾ ਕੱਦ 40 ਇੰਚ (102 ਸੈਂਟੀਮੀਟਰ) ਅਤੇ ਭਾਰ 35 ਪਾਊਂਡ (16 ਕਿੱਲੋਗ੍ਰਾਮ) ਹੈ, ਉਸਦੇ ਵਾਲ ਕਾਲੇ ਅਤੇ ਅੱਖਾਂ ਭੂਰੀਆਂ ਹਨ।

## ਮਿਸੀਸਾਗਾ ਦੇ ਵਿਅਕਤੀ ਦਾ ਕਾਤਲ ਯੂਨਾਈਟਡ ਕਿੰਗਡਮ ਤੋਂ ਗ੍ਰਿਫ਼ਤਾਰ

ਟੋਰਾਂਟੋ, 27 ਅਗਸਤ (ਪੋਸਟ ਬਿਊਰੋ): ਟੋਰਾਂਟੋ ਦੇ 30 ਸਾਲਾ ਵਿਅਕਤੀ ਦੀ ਮੌਤ ਦੇ ਸਿਲਸਿਲੇ ਵਿੱਚ ਫ੍ਰਸਟ ਡਿਗਰੀ ਕਤਲ ਵਿਚ ਲੋੜੀਂਦੇ ਮੁਲਜ਼ਮ ਨੂੰ ਯੂਨਾਈਟਡ ਕਿੰਗਡਮ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਟੋਰਾਂਟੋ ਪੁਲਿਸ ਨੂੰ 22 ਮਈ ਦੀ ਸਵੇਰ ਇਸਾਬੇਲਾ ਅਤੇ ਜਾਰਵਿਸ ਸਟਰੀਟ ਦੇ ਇਲਾਕੇ ਵਿੱਚ ਬੁਲਾਇਆ ਗਿਆ ਸੀ।

ਘਟਨਾ ਸਥਾਨ ’ਤੇ ਅਧਿਕਾਰੀਆਂ ਨੂੰ ਇੱਕ ਵਿਅਕਤੀ ਇਮਾਰਤ ਦੇ ਪਿੱਛੇ ਜ਼ਮੀਨ ’ਤੇ ਪਿਆ ਮਿਲਿਆ, ਜਿਸ ’ਤੇ ਜ਼ਖਮਾਂ ਦੇ ਨਿਸ਼ਾਨ ਸਨ।

ਪੈਰਾਮੇਡਿਕਸ ਨੇ ਪੀੜਤ ਨੂੰ ਗੰਭੀਰ ਹਾਲਤ ਵਿੱਚ ਸਥਾਨਕ ਟਰਾਮਾ ਸੈਂਟਰ ਪਹੁੰਚਾਇਆ। ਚਾਰ ਦਿਨ ਬਾਅਦ 26 ਮਈ ਨੂੰ ਜ਼ਖਮਾਂ ਕਾਰਨ ਉਸਦੀ ਮੌਤ ਹੋ ਗਈ। ਪੁਲਿਸ ਨੇ ਉਸਦੀ ਦੀ ਪਹਿਚਾਣ ਮਿਸਿਸਾਗਾ ਦੇ 30 ਸਾਲਾ ਜੇਸੀ ਟੂਬਸ ਦੇ ਰੂਪ ਵਿੱਚ ਕੀਤੀ।



ਇਸਤੋਂ ਬਾਅਦ ਟੋਰਾਂਟੋ ਦੇ 24 ਸਾਲਾ ਏਡਰੀਅਨ ਗੋਰਡਨ ਜੂਨੀਅਰ ਲਈ ਕੈਨੇਡਾ ਵਿਚ ਵਾਰੰਟ ਜਾਰੀ ਕੀਤਾ ਗਿਆ। 19 ਅਗਸਤ ਨੂੰ ਗੋਰਡਨ ਇੰਗਲੈਂਡ ਦੇ ਲਿਊਟਨ ਵਿੱਚ ਮਿਲ ਗਿਆ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ।

ਵਰਤਮਾਨ ਵਿੱਚ ਉਹ ਯੂਨਾਈਟਡ ਕਿੰਗਡਮ ਵਿੱਚ ਅਧਿਕਾਰੀਆਂ ਵੱਲੋਂ ਕੈਨੇਡਾ ਵਿੱਚ ਹਵਾਲਗੀ ਲਈ ਹਿਰਾਸਤ ਵਿੱਚ ਹੈ, ਜਿੱਥੇ ਉਸ ’ਤੇ ਪ੍ਰਸਟ ਡਿਗਰੀ ਕਤਲ ਦਾ ਚਾਰਜਿਜ਼ ਲਗਾਇਆ ਜਾਵੇਗਾ।

## ਵਿੰਡਸਰ ਪੁਲਿਸ ਨੇ ਇੱਕ ਵਿਅਕਤੀ ਨੂੰ ਅੱਗਜ਼ਨੀ ਦੇ ਦੋਸ਼ ’ਚ ਕੀਤਾ ਗ੍ਰਿਫ਼ਤਾਰ

ਵਿੰਡਸਰ, 27 ਅਗਸਤ (ਪੋਸਟ ਬਿਊਰੋ): ਵਿੰਡਸਰ ਪੁਲਿਸ ਨੇ ਇੱਕ ਵਿਅਕਤੀ ਨੂੰ ਅੱਗਜ਼ਨੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਉਸ ਨੇ ਕੈਰਨ ਏਵੇਨਿਊ ਦੇ ਇੱਕ ਘਰ ਦੇ ਬੈਕਯਾਰਡ ਡੇਕ ਵਿੱਚ ਅੱਗ ਲਗਾ ਦਿੱਤੀ ਸੀ।

ਪੁਲਿਸ ਨੇ ਐਤਵਾਰ ਦੁਪਹਿਰ ਨੂੰ ਜੇਨੇਟ ਏਵੇਨਿਊ ’ਤੇ ਇੱਕ ਹਿੰਸਾ ਦੀ ਰਿਪੋਰਟ ਮਿਲਣ ’ਤੇ ਕਾਰਵਾਈ ਕੀਤੀ। ਜਿੱਥੇ ਉਨ੍ਹਾਂ ਨੂੰ ਇੱਕ 40 ਸਾਲਾ ਵਿਅਕਤੀ ਗੰਭੀਰ ਰੂਪ ਤੋਂ ਅੱਗ ਵਿਚ ਝੁਲਸਿਆ ਹੋਇਆ ਮਿਲਿਆ। ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਉਸ ’ਤੇ ਮਨੁੱਖੀ ਜੀਵਨ ਖਤਰੇ ’ਚ ਪਾਉਣ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਣ ਲਈ ਅੱਗਜ਼ਨੀ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਗਿਆ।

ਪੁਲਿਸ ਅਨੁਸਾਰ ਕੈਰਨ ਏਵੇਨਿਊ ਦੇ ਇੱਕ ਘਰ ਵਿੱਚ ਉਸ ਵਿਅਕਤੀ ਅਤੇ ਉਸ ਘਰ ਦੇ ਮੈਂਬਰਾਂ ਵਿਚਕਾਰ ਵਿਵਾਦ ਹੋ ਗਿਆ ਸੀ। ਉਸ ਵਿਅਕਤੀ ਨੇ ਬੈਕਯਾਰਡ ਦੇ ਡੇਕ ’ਤੇ ਗੈਸੋਲੀਨ ਪਾਇਆ ਅਤੇ ਲੜਾਈ ਦੇ ਬਾਅਦ ਜਾਣਬੁੱਝਕੇ ਅੱਗ ਲਗਾ ਦਿੱਤੀ।

ਇਸਤੋਂ ਬਾਅਦ ਉਹ ਵਿਅਕਤੀ ਪੈਦਲ ਹੀ ਭੱਜ ਗਿਆ ਅਤੇ ਜੇਨੇਟ ਏਵੇਨਿਊ ’ਤੇ ਸਥਿਤ ਘਰ ਵਿਚ ਪਹੁੰਚ ਗਿਆ, ਜਿੱਥੇ ਪੁਲਿਸ ਨੇ ਉਸਨੂੰ ਫੜ੍ਹ ਲਿਆ।

## ਇੰਮੀਗਰੇਸ਼ਨ ਮੰਤਰੀ ਨੇ ਕਿਹਾ ਕਿ ਸਥਾਈ ਨਿਵਾਸ ਦੇ ਪੱਧਰਾਂ ਵਿਚ ਹੋਣ ਵਾਲੇ ਬਦਲਾਅ ਮਹੱਤਵਪੂਰਣ ਹੋਣਗੇ

ਪੰਨਾ 1 ਦਾ ਬਾਕੀ

ਸੋਮਵਾਰ ਨੂੰ ਫੈਡਰਲ ਸਰਕਾਰ ਨੇ ਹਾਲ ਦੇ ਸਾਲਾਂ ਵਿੱਚ ਕੋਵਿਡ ਤੋਂ ਬਾਅਦ ਲੇਬਰ ਦੀ ਕਮੀ ਨੂੰ ਦੂਰ ਕਰਨ ਲਈ ਅਸਥਾਈ ਵਿਦੇਸ਼ੀ ਮਜ਼ਦੂਰਾਂ ਦੀ ਘੱਟ ਤਨਖਾਹ ਵਾਲੀ ਧਾਰਾ ਨੂੰ ਘੱਟ ਕਰਨ ਲਈ ਸਖ਼ਤ ਨਿਯਮਾਂ ਦਾ ਐਲਾਨ ਕੀਤਾ। ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਵੀ ਸੰਕੇਤ ਦਿੱਤਾ ਕਿ ਸਥਾਈ ਨਿਵਾਸੀਆਂ ਲਈ ਹੋਰ ਜ਼ਿਆਦਾ ਇੰਮੀਗਰੇਸ਼ਨ ਤਬਦੀਲੀਆਂ ਕੀਤੀਆਂ ਜਾਣਗੀਆਂ। ਸਥਾਈ ਨਿਵਾਸੀਆਂ ਦੇ ਪੱਧਰ ਵਿੱਚ ਸੰਭਾਵੀ ਕਮੀ ਟਰੂਡੋ ਸਰਕਾਰ ਲਈ ਇੱਕ ਪ੍ਰਮੁੱਖ ਨੀਤੀਗਤ ਉਲਟਫੇਰ ਦਾ ਸੰਕੇਤ ਹੋ ਸਕਦੀ ਹੈ।

ਪ੍ਰਧਾਨ ਮੰਤਰੀ ਟਰੂਡੋ ਨੇ ਸੋਮਵਾਰ ਨੂੰ ਹੈਲੀਫੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਇਹ ਯਕੀਨੀ ਕਰਨ ਲਈ ਵੱਖ-ਵੱਖ ਧਾਰਾਵਾਂ ’ਤੇ ਵਿਚਾਰ ਕਰ ਰਹੇ ਹਾਂ। ਜਿਵੇਂ-ਜਿਵੇਂ ਅਸੀਂ ਅੱਗੇ ਵਧਾਂਗੇ ਕਨਾਡਾ ਇੱਕ ਅਜਿਹਾ ਸਥਾਨ ਬਣਾ ਰਹੇਗਾ ਜੋ ਇੰਮੀਗਰੇਸ਼ਨ ਲਈ ਆਪਣੇ ਸਮਰਥਨ ਵਿੱਚ ਸਕਾਰਾਤਮਕ ਰਹੇਗਾ ਅਤੇ ਜਿਸ ਤਰ੍ਹਾਂ ਅਸੀਂ ਇੰਟੀਗ੍ਰੇਟ ਹੁੰਦੇ ਹਾਂ ਅਤੇ ਇਹ ਯਕੀਨੀ ਕਰਦੇ ਹਾਂ ਕਿ ਕੈਨੇਡਾ ਆਉਣ ਵਾਲੇ ਹਰ ਇੱਕ ਵਿਅਕਤੀ ਲਈ ਸਫਲਤਾ ਦੇ ਰਾਹ ਉਪਲੱਬਧ ਹੋਣ, ਉਸ ਵਿੱਚ ਵੀ ਅਸੀਂ ਜ਼ਿੰਮੇਵਾਰ ਬਣੇ ਰਹਾਂਗੇ।

## ਹਾਈਵੇ 401 ’ਤੇ ਭਿਆਨਕ ਹਿੱਟ ਐਂਡ ਰੰਨ ਦੇ ਇੱਕ ਸਾਲ ਪੁਰਾਣੇ ਮਾਮਲੇ ’ਚ ਇੱਕ ਗ੍ਰਿਫ਼ਤਾਰ

ਟੋਰਾਂਟੋ, 27 ਅਗਸਤ (ਪੋਸਟ ਬਿਊਰੋ): ਪੁਲਿਸ ਨੇ ਮਿਸੀਸਾਗਾ ਵਿੱਚ ਹਿੱਟ ਐਂਡ ਰੰਨ ਦੇ ਇੱਕ ਸਾਲ ਤੋਂ ਜ਼ਿਆਦਾ ਪੁਰਾਣੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ 22 ਅਪ੍ਰੈਲ, 2023 ਨੂੰ ਮਾਵਿਸ ਰੋਡ ’ਤੇ ਹਾਈਵੇ 401 ਦੀ ਵੈਸਟਬਾਊਂਡ ਲੇਨ ’ਤੇ ਹੋਈ ਸੀ। ਇਸ ਦੌਰਾਨ ਮਿਸੀਸਾਗਾ ਦੇ 29 ਸਾਲਾ ਵਿਅਕਤੀ ਦੀ ਮੌਤ ਹੋ ਗਈ ਸੀ।

ਪੁਲਿਸ ਨੇ ਦੱਸਿਆ ਕਿ ਪੀੜਤ ਕੈਂਬਰਿਜ, ਓਂਟਾਰੀਓ ਦਾ ਰਹਿਣ ਵਾਲਾ ਸੀ ਅਤੇ ਹਾਈਵੇ 401 ’ਤੇ ਮਾਵਿਸ ਰੋਡ ਕੋਲ ਮਾਜ਼ਦਾ ਵਿੱਚ ਸੱਜੇ ਪਾਸੇ ਲੇਨ ਵਿੱਚ ਵੈਸਟਬਾਊਂਡ ਵੱਲ ਜਾ ਰਿਹਾ ਸੀ।



ਪੁਲਿਸ ਨੇ ਉਸ ਸਮੇਂ ਕਿਹਾ ਕਿ ਉਸ ਟੱਕਰ ਕਾਰਨ ਉਹ ਵਾਹਨ ਅੱਗੇ ਵੱਲ ਘੁੰਮ ਗਿਆ ਅਤੇ ਰੇਲਿੰਗ ਨਾਲ ਟਕਰਾਅ ਗਿਆ। ਉਸ ਵਾਹਨ ਦੇ ਚਾਲਕ ਪੀੜਤ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਵਾਹਨ ਦਾ ਚਾਲਕ ਪੈਦਲ ਹੀ ਭੱਜ ਗਿਆ।

ਇਸਤੋਂ ਬਾਅਦ ਓਂਟਾਰੀਓ ਪੁਲਿਸ ਨੇ ਬਰੈਂਪਟਨ ਦੇ 34 ਸਾਲਾ ਸ਼ਾਹਰਿਆਰ ਕਲੀਮ ਗਿੱਲ ਦੀ ਗ੍ਰਿਫ਼ਤਾਰੀ ਦਾ ਵਾਰੰਟ ਜਾਰੀ ਕੀਤਾ ਸੀ।

ਗਿੱਲ ਨੂੰ 14 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ’ਤੇ ਖਤਰਨਾਕ ਆਪਰੇਸ਼ਨ ਕਾਰਨ ਮੌਤ, ਦੁਰਘਟਨਾ ਸਮੇਂ ਨਾ ਰੁਕਣਾ, ਰਿਹਾਈ ਦੇ ਹੁਕਮ ਦਾ ਪਾਲਣ ਨਾ ਕਰਨ ਅਤੇ ਅੰਡਰਟੇਕਿੰਗ ਦਾ ਪਾਲਣ ਨਾ ਕਰਨ ਦੇ ਚਾਰਜਿਜ਼ ਲਗਾਏ ਗਏ। ਉਹ 15 ਅਗਸਤ ਨੂੰ ਅਦਾਲਤ ਵਿੱਚ ਪੇਸ਼ ਹੋਇਆ ਅਤੇ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਨੂੰ ਗ੍ਰਿਫ਼ਤਾਰੀ ਦੀ ਸੂਚਨਾ ਦੇ ਦਿੱਤੀ ਗਈ ਹੈ।

## ਜ਼ੁਕਰਬਰਗ ਨੇ ਕੀਤਾ ਖੁਲਾਸਾ: ਅਮਰੀਕੀ ਸਰਕਾਰ ਫੇਸਬੁੱਕ ’ਤੇ ਪਾਉਂਦੀ ਸੀ ਦਬਾਅ

ਵਾਸ਼ਿੰਗਟਨ, 27 ਅਗਸਤ (ਪੋਸਟ ਬਿਊਰੋ): ਮੇਟਾ ਚੀਫ ਮਾਰਕ ਜ਼ੁਕਰ-ਬਰਗ ਨੇ ਦੋਸ਼ ਲਗਾਇਆ ਹੈ ਕਿ ਜੋ ਬਾਇਡਨ-ਕਮਲਾ ਹੈਰਿਸ ਪ੍ਰਸ਼ਾਸਨ ਨੇ ਉਨ੍ਹਾਂ ਦੀ ਕੰਪਨੀ 'ਤੇ ਕੋਵਿਡ ਨਾਲ ਸਬੰਧਤ ਪੋਸਟਾਂ ਨੂੰ ਸੈਂਸਰ ਕਰਨ (ਹਟਾਉਣ) ਲਈ ਵਾਰ-ਵਾਰ ਦਬਾਅ ਪਾਇਆ।

ਉਨ੍ਹਾਂ ਇਹ ਦੋਸ਼ ਨਿਆਂਪਾਲਿਕਾ ਕਮੇਟੀ ਨੂੰ ਲਿਖੇ ਪੱਤਰ ਵਿੱਚ ਲਾਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਅਜਿਹਾ ਦਬਾਅ ਪਾਉਣਾ ਗਲਤ ਹੈ। ਉਨ੍ਹਾਂ ਨੂੰ ਅਫਸੋਸ ਹੈ ਕਿ ਉਹ ਇਸ ਮੁੱਦੇ 'ਤੇ ਪਹਿਲਾਂ ਜ਼ਿਆਦਾ ਨਹੀਂ ਬੋਲ ਸਕੇ।

ਜ਼ੁਕਰਬਰਗ ਨੇ ਚਿੱਠੀ 'ਚ ਲਿਖਿਆ ਕਿ ਬਾਇਡਨ ਪ੍ਰਸ਼ਾਸਨ ਨੇ 2021 'ਚ ਕਈ ਮਹੀਨਿਆਂ ਤੱਕ ਉਨ੍ਹਾਂ 'ਤੇ ਦਬਾਅ ਬਣਾਇਆ। ਉਹ ਕੋਵਿਡ-19 ਨਾਲ ਸਬੰਧਤ ਮੀਮਜ਼ ਨੂੰ ਵੀ ਹਟਾਉਣਾ ਚਾਹੁੰਦੇ ਸਨ। ਜਦੋਂ ਅਸੀਂ ਇਸ 'ਤੇ ਸਹਿਮਤ ਨਹੀਂ ਹੋਏ ਤਾਂ ਉਨ੍ਹਾਂ ਨੇ ਇਸ ਬਾਰੇ ਆਪਣੀ ਨਿਰਾਸ਼ਾ ਵੀ ਜ਼ਾਹਿਰ ਕੀਤੀ।



ਮੇਟਾ ਚੀਫ ਨੇ ਕਿਹਾ ਕਿ ਆਖਿਰਕਾਰ ਇਹ ਸਾਡਾ ਫੈਸਲਾ ਸੀ ਕਿ ਸਮੱਗਰੀ ਨੂੰ ਹਟਾਉਣਾ ਹੈ ਜਾਂ ਨਹੀਂ। ਅਸੀਂ ਆਪਣੇ ਫੈਸਲਿਆਂ ਲਈ ਜ਼ਿੰਮੇਵਾਰ ਹਾਂ।

ਜ਼ੁਕਰਬਰਗ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਕਿਸੇ ਵੀ ਹਾਲਤ 'ਚ ਸਰਕਾਰ ਦੇ ਦਬਾਅ ਅੱਗੇ ਨਹੀਂ ਝੁਕਣਾ ਚਾਹੀਦਾ। ਸਾਨੂੰ ਆਪਣੀ ਸਮੱਗਰੀ ਦੇ ਮਿਆਰਾਂ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਜੇਕਰ ਦੁਬਾਰਾ ਅਜਿਹਾ ਕੁਝ ਹੁੰਦਾ ਹੈ ਤਾਂ ਵੀ ਸਾਡਾ ਜਵਾਬ ਪਹਿਲਾਂ ਵਾਂਗ ਹੀ ਹੋਵੇਗਾ।

ਇਸੇ ਚਿੱਠੀ ਵਿੱਚ ਜ਼ੁਕਰਬਰਗ ਨੇ ਦੋਸ਼ ਲਾਇਆ ਹੈ ਕਿ 2020 ਦੀਆਂ ਚੋਣਾਂ ਤੋਂ ਪਹਿਲਾਂ ਐੱਫਬੀਆਈ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ। ਮੇਟਾ ਚੀਫ ਨੇ ਕਿਹਾ ਕਿ ਨਿਊਯਾਰਕ ਪੋਸਟ ਨੇ ਬਿਡੇਨ ਪਰਿਵਾਰ ਦੇ ਭ੍ਰਿਸ਼ਟਾਚਾਰ ਨਾਲ ਜੁੜੇ ਮਾਮਲੇ 'ਤੇ ਇਕ ਰਿਪੋਰਟ ਲਿਖੀ ਸੀ। ਐੱਫਬੀਆਈ ਨੇ ਇਸ ਨੂੰ ਰੂਸੀ ਪ੍ਰਾਪੇਗੰਡਾ ਦੱਸਦੇ ਹੋਏ ਇਸ 'ਤੇ ਤੱਥ ਜਾਂਚ ਨੋਟਿਸ ਲਗਾਉਣ ਲਈ ਕਿਹਾ ਸੀ।

ਜ਼ੁਕਰਬਰਗ ਨੇ ਕਿਹਾ ਕਿ ਮੇਟਾ ਨੇ ਫੇਸਬੁੱਕ 'ਤੇ ਇਸ ਕਹਾਣੀ ਨੂੰ ਡੀਮੋਟ ਕੀਤਾ ਹੈ। ਇਸ ਕਾਰਨ ਇਹ ਕਹਾਣੀ ਬਹੁਤੇ ਲੋਕਾਂ ਤੱਕ ਨਹੀਂ ਪਹੁੰਚ ਸਕੀ। ਜ਼ੁਕਰਬਰਗ ਨੇ ਪੱਤਰ ਵਿੱਚ ਦਾਅਵਾ ਕੀਤਾ ਹੈ ਕਿ ਰਿਪੋਰਟਿੰਗ ਰੂਸੀ ਦੁਸ਼ਪ੍ਰਚਾਰ ਨਹੀਂ ਸੀ ਅਤੇ ਇਸ ਨੂੰ ਦਬਾਇਆ ਨਹੀਂ ਜਾਣਾ ਚਾਹੀਦਾ ਸੀ।

## ਬਠਿੰਡਾ-ਬੀਕਾਨੇਰ ਹਾਈਵੇਅ 'ਤੇ ਪਲਟੀ ਪੰਜਾਬ ਰੋਡਵੇਜ਼ ਦੀ ਬੱਸ, ਇਕ ਔਰਤ ਦੀ ਮੌਤ, ਕਈ ਜ਼ਖਮੀ


ਬਠਿੰਡਾ, 27 ਅਗਸਤ (ਪੋਸਟ ਬਿਊਰੋ): ਬਠਿੰਡਾ ਦੇ ਬੀਕਾਨੇਰ ਨੈਸ਼ਨਲ ਹਾਈਵੇ 'ਤੇ ਡੱਬਵਾਲੀ ਕਸਬੇ ਨੇੜੇ ਪਿੰਡ ਪਥਰਾਲਾ ਦੇ ਪੀਆਰਟੀਸੀ ਫਰੀਦਕੋਟ ਡਿਪੂ ਦੀ ਬੱਸ ਪਲਟ ਗਈ। ਇਸ ਹਾਦਸੇ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਅਤੇ ਦੋ ਦਰਜਨ ਦੇ ਕਰੀਬ ਸਵਾਰੀਆਂ ਗੰਭੀਰ ਜ਼ਖ਼ਮੀ ਹੋ ਗਈਆਂ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਸ ਹਾਦਸੇ ਵਿੱਚ ਜਸਵਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਪਿੰਡ ਲੋਹਾਰਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੌਤ ਹੋ ਗਈ ਅਤੇ ਦੋ ਦਰਜਨ ਦੇ ਕਰੀਬ ਸਵਾਰੀਆਂ ਜ਼ਖ਼ਮੀ ਹੋ ਗਈਆਂ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9




Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install
Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com





ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca















ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**


Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com




## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤੀ ਟੀਮ ਦਾ ਐਲਾਨ, ਹਰਮਨਪ੍ਰੀਤ ਕੌਰ ਹੋਣਗੇ ਕਪਤਾਨ



ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ): ਬੀਸੀਸੀਆਈ ਨੇ ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਹੈ। ਹਰਮਨਪ੍ਰੀਤ ਕੌਰ ਨੂੰ ਟੀਮ ਦੀ ਕਮਾਨ ਸੌਂਪੀ ਗਈ ਹੈ। ਸਮ੍ਰਿਤੀ ਮੰਧਾਨਾ ਨੂੰ ਉਪ ਕਪਤਾਨ ਬਣਾਇਆ ਗਿਆ ਹੈ।

ਵਿਸ਼ਵ ਕੱਪ 3 ਅਕਤੂਬਰ ਤੋਂ ਸ਼ੁਰੂ ਹੋ ਰਿਹਾ ਹੈ। ਫਾਈਨਲ ਮੈਚ 20 ਅਕਤੂਬਰ ਨੂੰ ਖੇਡਿਆ ਜਾਵੇਗਾ। ਭਾਰਤੀ ਟੀਮ ਦਾ ਪਹਿਲਾ ਮੈਚ 4 ਅਕਤੂਬਰ ਨੂੰ ਨਿਊਜ਼ੀਲੈਂਡ ਨਾਲ ਹੋਵੇਗਾ।

ਪਹਿਲਾਂ ਇਹ ਟੂਰਨਾਮੈਂਟ ਬੰਗਲਾਦੇਸ਼ ਵਿੱਚ ਖੇਡਿਆ ਜਾਣਾ ਸੀ, ਪਰ ਦੇਸ਼ ਵਿੱਚ ਰਾਜਨੀਤਿਕ ਤਖਤਾਪਲਟ ਤੋਂ ਬਾਅਦ ਆਈਸੀਸੀ ਨੇ ਟੂਰਨਾਮੈਂਟ ਨੂੰ ਯੂਏਈ ਵਿੱਚ ਤਬਦੀਲ ਕਰ ਦਿੱਤਾ। ਹੁਣ ਟੂਰਨਾਮੈਂਟ ਦੇ ਸਾਰੇ ਮੈਚ ਸ਼ਾਰਜਾਹ ਅਤੇ ਦੁਬਈ ਵਿੱਚ ਹੋਣਗੇ। ਸ਼ੁਰੂਆਤੀ ਮੈਚ 3 ਅਕਤੂਬਰ ਨੂੰ ਸ਼ਾਰਜਾਹ 'ਚ ਬੰਗਲਾਦੇਸ਼ ਅਤੇ ਸਕਾਟਲੈਂਡ ਵਿਚਾਲੇ ਹੋਵੇਗਾ। ਭਾਰਤੀ ਮਹਿਲਾ ਟੀਮ ਆਪਣਾ ਪਹਿਲਾ ਮੈਚ 4 ਅਕਤੂਬਰ ਨੂੰ ਦੁਬਈ 'ਚ ਨਿਊਜ਼ੀਲੈਂਡ ਖਿਲਾਫ ਖੇਡੇਗੀ। ਟੀਮ ਦਾ ਸਾਹਮਣਾ 6 ਅਕਤੂਬਰ ਨੂੰ ਉਸੇ ਮੈਦਾਨ 'ਤੇ ਪਾਕਿਸਤਾਨ ਨਾਲ ਹੋਵੇਗਾ। ਪਾਕਿਸਤਾਨ ਆਪਣਾ ਪਹਿਲਾ ਮੈਚ 3 ਅਕਤੂਬਰ ਨੂੰ ਸ਼੍ਰੀਲੰਕਾ ਖਿਲਾਫ ਖੇਡੇਗਾ।

# ਕੋਲਕਤਾ ਬਲਾਤਕਾਰ-ਕਤਲ ਕੇਸ: ਵਿਦਿਆਰਥੀਆਂ ਨੇ ਕੀਤਾ ਪ੍ਰਦਰਸ਼ਨ, ਕੱਢਿਆ ਮਾਰਚ, ਪੁਲਿਸ ਨੇ ਕੀਤਾ ਲਾਠੀਚਾਰਜ

ਕੋਲਕਤਾ, 27 ਅਗਸਤ (ਪੋਸਟ ਬਿਊਰੋ): ਕੋਲਕਤਾ ਵਿੱਚ ਇੱਕ ਸਿਖਿਆਰਥੀ ਡਾਕਟਰ ਦੇ ਬਲਾਤਕਾਰ-ਕਤਲ ਨੂੰ ਲੈ ਕੇ ਮੰਗਲਵਾਰ (27 ਅਗਸਤ) ਨੂੰ ਵਿਦਿਆਰਥੀਆਂ ਅਤੇ ਰਾਜ ਕਰਮਚਾਰੀ ਸੰਗਠਨਾਂ ਦਾ ਪ੍ਰਦਰਸ਼ਨ ਜਾਰੀ ਹੈ। ਪੱਛਮੀ ਬੰਗ ਵਿਦਿਆਰਥੀ ਸਮਾਜ ਅਤੇ ਸੰਗਰਾਮੀ ਯੋਧਾ ਮੰਚ ਨਬੰਨਾ ਅਭਿਜਾਨ ਨੇ ਮਾਰਚ ਕੱਢਿਆ।

ਨਬੰਨਾ ਪੱਛਮੀ ਬੰਗਾਲ ਸਰਕਾਰ ਦਾ ਸਕੱਤਰੇਤ ਹੈ, ਜਿੱਥੇ ਮੁੱਖ ਮੰਤਰੀ, ਮੰਤਰੀਆਂ ਅਤੇ ਅਧਿਕਾਰੀਆਂ ਦੇ ਦਫ਼ਤਰ ਸਥਿਤ ਹਨ। ਧਰਨਾਕਾਰੀਆਂ ਦੀ ਰੈਲੀ ਕਰੀਬ 12:45 'ਤੇ ਸ਼ੁਰੂ ਹੋਈ। ਹਾਵੜਾ ਦੇ ਨਾਲ ਲੱਗਦੇ ਸੰਤਰਾਗਾਛੀ ਵਿੱਚ ਪ੍ਰਦਰਸ਼ਨਕਾਰੀ ਲੋਕਾਂ ਨੇ ਬੈਰੀਕੇਡ ਤੋੜ ਦਿੱਤੇ। ਇਸ ਤੋਂ ਬਾਅਦ ਪੁਲਿਸ ਨੇ ਲਾਠੀਚਾਰਜ ਕੀਤਾ। ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਜਲ ਤੋਪਾਂ ਦੀ ਵੀ ਵਰਤੋਂ ਕੀਤੀ ਗਈ।

ਹਿੰਸਾ ਦਾ ਹਵਾਲਾ ਦਿੰਦੇ ਹੋਏ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਦੀ ਰੈਲੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਇਸ ਦੇ ਨਾਲ ਹੀ ਪੁਲਿਸ ਦੀ ਕਾਰਵਾਈ 'ਚ ਕਈ ਪ੍ਰਦਰਸ਼ਨਕਾਰੀ ਜ਼ਖਮੀ ਹੋ ਗਏ ਹਨ।



ਪ੍ਰਦਰਸ਼ਨਕਾਰੀਆਂ ਨੂੰ ਨਬੰਨਾ (ਸਕੱਤਰੇਤ) ਵੱਲ ਜਾਣ ਤੋਂ ਰੋਕਣ ਲਈ 7 ਸੜਕਾਂ 'ਤੇ ਤਿੰਨ ਪਰਤਾਂ ਵਿਚ 6 ਹਜ਼ਾਰ ਦੀ ਫੋਰਸ ਤਾਇਨਾਤ ਹੈ। 19 ਪੁਆਇੰਟਾਂ 'ਤੇ ਬੈਰੀਕੇਡ ਲਗਾਏ ਗਏ ਹਨ ਅਤੇ 21 ਪੁਆਇੰਟਾਂ 'ਤੇ ਡੀਸੀਪੀ ਤਾਇਨਾਤ ਕੀਤੇ ਗਏ ਹਨ। ਹਾਵੜਾ ਬ੍ਰਿਜ ਨੂੰ ਬੰਦ ਕਰ ਦਿੱਤਾ ਗਿਆ ਹੈ। ਨਿਗਰਾਨੀ ਲਈ ਡਰੋਨ ਦੀ ਮਦਦ ਲਈ ਜਾ ਰਹੀ ਹੈ।

ਬੀਐਨਐਸ ਦੀ ਧਾਰਾ 163 (ਸੀਆਰਪੀਸੀ ਦੀ ਧਾਰਾ 144) ਰਾਜ ਸਕੱਤਰੇਤ ਨਬੰਨਾ ਨੇੜੇ ਲਗਾਈ ਗਈ ਹੈ। ਇੱਥੇ 5 ਤੋਂ ਵੱਧ ਲੋਕ ਇਕੱਠੇ ਨਹੀਂ ਹੋਣਗੇ। ਇਸ ਤੋਂ ਇਲਾਵਾ ਕਰੇਨ ਦੀ ਵਰਤੋਂ ਕਰਕੇ ਸੜਕਾਂ 'ਤੇ ਭਾਰੀ ਕੰਟੇਨਰ ਵੀ ਰੱਖੇ ਗਏ ਹਨ, ਤਾਂ ਜੋ ਪ੍ਰਦਰਸ਼ਨਕਾਰੀ ਅੱਗੇ ਨਾ ਵਧ ਸਕਣ।

# ਮਹਾਰਾਸ਼ਟਰ ਦੇ ਰਤਨਾਗਿਰੀ 'ਚ ਨਰਸਿੰਗ ਵਿਦਿਆਰਥਣ ਨਾਲ ਬਲਾਤਕਾਰ



ਰਤਨਾਗਿਰੀ, 27 ਅਗਸਤ (ਪੋਸਟ ਬਿਊਰੋ): ਕੋਲਕਾਤਾ 'ਚ ਸਿਖਿਆਰਥੀ ਡਾਕਟਰ ਦੇ ਬਲਾਤਕਾਰ-ਕਤਲ ਮਾਮਲੇ ਤੋਂ ਬਾਅਦ ਮਹਾਰਾਸ਼ਟਰ ਦੇ ਰਤਨਾਗਿਰੀ 'ਚ ਨਰਸਿੰਗ ਕਾਲਜ ਦੀ ਵਿਦਿਆਰਥਣ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਆਟੋ ਚਾਲਕ ਨੇ ਪੀੜਤਾ ਨੂੰ ਨਸ਼ੀਲਾ ਪਦਾਰਥ ਮਿਲਾ ਕੇ ਬੇਹੋਸ਼ ਕਰ ਦਿੱਤਾ ਅਤੇ ਜੰਗਲ ਵਿੱਚ ਲਿਜਾਕੇ ਉਸ ਨਾਲ ਬਲਾਤਕਾਰ ਕੀਤਾ। ਇਹ ਘਟਨਾ ਸੋਮਵਾਰ, 26 ਅਗਸਤ ਦੀ ਹੈ।

ਪੀੜਤਾ ਦੀ ਉਮਰ 19 ਸਾਲ ਹੈ। ਹੋਸ਼ ਆਉਣ ਤੋਂ ਬਾਅਦ ਉਸ ਨੇ ਆਪਣੀ ਭੈਣ ਨੂੰ ਫੋਨ ਕਰਕੇ ਘਟਨਾ ਬਾਰੇ ਦੱਸਿਆ। ਘਟਨਾ ਦਾ ਪਤਾ ਲੱਗਦੇ ਹੀ ਰਤਨਾਗਿਰੀ 'ਚ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

ਐੱਸਪੀ ਜੈਸ਼੍ਰੀ ਗਾਇਕਵਾੜ ਨੇ ਹਸਪਤਾਲ 'ਚ ਪੀੜਤਾ ਤੋਂ ਘਟਨਾ ਦੀ ਜਾਣਕਾਰੀ ਲਈ ਅਤੇ ਮਾਮਲਾ ਦਰਜ ਕਰ ਲਿਆ। ਆਟੋ ਚਾਲਕ ਦੀ ਪਛਾਣ ਲਈ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਆਟੋ ਦੀ ਇੱਕ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ।

ਨਰਸਿੰਗ ਦੀ ਵਿਦਿਆਰਥਣ ਨੇ ਦੱਸਿਆ ਕਿ ਐਤਵਾਰ (25 ਅਗਸਤ) ਨੂੰ ਛੁੱਟੀ ਸੀ। ਮੈਂ ਦੇਵਰੁਖ ਸਥਿਤ ਆਪਣੇ ਘਰ ਗਈ ਸੀ। ਰੋਜ਼ਾਨਾ ਦੀ ਤਰ੍ਹਾਂ ਸੋਮਵਾਰ (26 ਅਗਸਤ) ਨੂੰ ਮੈਂ ਸਵੇਰੇ 6 ਵਜੇ ਦੀ ਬੱਸ ਰਾਹੀਂ ਦੇਵਰੁਖ ਤੋਂ ਰਤਨਾਗਿਰੀ ਪਹੁੰਚੀ। ਸਵੇਰੇ ਕਰੀਬ 7 ਵਜੇ ਉਹ ਰਤਨਾਗਿਰੀ ਦੇ ਸਾਲਵੀ ਸਟਾਪ 'ਤੇ 'ਤੇ ਉਤਰੀ।

ਕਾਲਜ ਜਾਣ ਲਈ ਆਟੋ ਰਿਕਸ਼ਾ ਲਿਆ। ਰਾਹ ਵਿੱਚ ਆਟੋ ਚਾਲਕ ਨੇ ਮੈਨੂੰ ਪਾਣੀ ਪਿਲਾਇਆ, ਜਿਸ ਨੂੰ ਪੀਣ ਤੋਂ ਬਾਅਦ ਮੈਂ ਬੇਹੋਸ਼ ਹੋ ਗਈ। ਜਦੋਂ ਮੈਨੂੰ ਹੋਸ਼ ਆਈ ਤਾਂ ਦੇਖਿਆ ਕਿ ਮੇਰਾ ਸਾਰਾ ਸਮਾਨ ਜੰਗਲ ਵਿੱਚ ਖਿੱਲਰਿਆ ਪਿਆ ਸੀ। ਕੱਪੜੇ ਫਟੇ ਹੋਏ ਹਨ। ਮੇਰੀ ਭੈਣ ਨੂੰ ਫੋਨ ਕਰਕੇ ਘਟਨਾ ਦੀ ਜਾਣਕਾਰੀ ਦਿੱਤੀ।

# ਜਲੰਧਰ ਦੇ ਕਬਾੜੀਏ ਦੀ ਨਿਕਲੀ ਰੱਖੜੀ ਬੰਪਰ ਦੀ 2.5 ਕਰੋੜ ਦੀ ਲਾਟਰੀ

ਜਲੰਧਰ, 27 ਅਗਸਤ (ਪੋਸਟ ਬਿਊਰੋ): ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਸ਼ਹਿਰ ਵਿੱਚ ਇੱਕ ਬਜ਼ੁਰਗ ਸਕਰੈਪ ਡੀਲਰ ਨੇ 2.5 ਕਰੋੜ ਰੁਪਏ ਦੀ ਲਾਟਰੀ ਜਿੱਤੀ ਹੈ। 67 ਸਾਲਾ ਪ੍ਰੀਤਮ ਲਾਲ ਜੱਗੀ ਨੇ ਰੱਖੜੀ ਦੇ ਮੌਕੇ 'ਤੇ ਇਹ ਲਾਟਰੀ ਟਿਕਟ ਸਿਰਫ 500 ਰੁਪਏ 'ਚ ਖਰੀਦੀ ਸੀ।

ਪ੍ਰੀਤਮ ਨੇ ਦੱਸਿਆ ਕਿ ਉਹ ਕਬਾੜ ਦਾ ਕੰਮ ਕਰਦਾ ਹੈ ਅਤੇ ਪਿਛਲੇ 50 ਸਾਲਾਂ ਤੋਂ ਲਾਟਰੀ ਦੀਆਂ ਟਿਕਟਾਂ ਖਰੀਦ ਰਿਹਾ ਹੈ। ਉਸਨੂੰ ਉਮੀਦ ਸੀ ਕਿ ਕਿਸੇ ਦਿਨ ਉਸਦੀ ਕਿਸਮਤ ਚਮਕੇਗੀ।

ਪ੍ਰੀਤਮ ਨੇ ਦੱਸਿਆ ਕਿ ਅਖਬਾਰ ਦੇਖ ਕੇ ਪਤਾ ਲੱਗਾ ਕਿ ਉਹ ਲਾਟਰੀ ਜਿੱਤ ਗਿਆ ਹੈ। ਹਾਲਾਂਕਿ ਉਸ ਨੇ ਇਸ ਗੱਲ 'ਤੇ ਵਿਸ਼ਵਾਸ ਨਹੀਂ ਕੀਤਾ। ਕੁਝ ਸਮੇਂ ਬਾਅਦ ਜਦੋਂ ਉਸ ਨੂੰ ਲਾਟਰੀ ਵੇਚਣ ਵਾਲੀ ਏਜੰਸੀ ਤੋਂ ਫੋਨ ਆਇਆ ਤਾਂ ਉਸ ਨੇ ਯਕੀਨ ਕਰ ਲਿਆ।



ਆਦਮਪੁਰ ਵਾਸੀ ਪ੍ਰੀਤਮ ਨੇ ਦੱਸਿਆ ਕਿ ਇਹ ਟਿਕਟ ਉਸ ਨੇ ਆਪਣੇ ਨਾਂ 'ਤੇ ਨਹੀਂ ਸਗੋਂ ਆਪਣੀ ਪਤਨੀ ਅਨੀਤਾ ਜੱਗੀ ਉਰਫ ਬਬਲੀ ਦੇ ਨਾਂ 'ਤੇ ਖਰੀਦੀ ਸੀ। ਜਿਸ ਦਾ ਟਿਕਟ ਨੰਬਰ 452749 ਸੀ। ਐਤਵਾਰ ਸਵੇਰੇ ਜਦੋਂ ਉਸਨੇ ਅਖਬਾਰ ਪੜ੍ਹਿਆ ਤਾਂ ਉਸਨੂੰ ਪਤਾ ਲੱਗਾ ਕਿ ਉਸਦੀ ਲਾਟਰੀ ਨਿਕਲ ਆਈ ਹੈ।

# ਗਿਆਨ ਜਯੋਤੀ ਗਲੋਬਲ ਸਕੂਲ ਨੇ ਆਪਣੀ 50ਵੀਂ ਵਰ੍ਹੇਗੰਢ ਮਨਾਈ



ਮੋਹਾਲੀ, 27 ਅਗਸਤ (ਪੋਸਟ ਬਿਊਰੋ): ਗਿਆਨ ਜੋਤੀ ਗਲੋਬਲ ਸਕੂਲ, ਫ਼ੇਜ਼ 2, ਮੋਹਾਲੀ ਵੱਲੋਂ ਆਪਣੀ ਸਥਾਪਨਾ ਦੀ ਪੰਜਾਹਵੀਂ ਵਰ੍ਹੇਗੰਢ ਨੂੰ ਸਮਰਪਿਤ ਕੈਂਪਸ ਵਿਚ ਅਲੂਮਨੀ ਮੀਟ ਦਾ ਆਯੋਜਨ ਕੀਤ ਗਿਆ। ਜਿਸ ਵਿਚ ਪੰਜ ਦਹਾਕਿਆਂ ਦੀ ਵਿੱਦਿਅਕ ਉੱਤਮਤਾ ਅਤੇ ਮਜ਼ਬੂਤ ਭਾਈਚਾਰਕ ਭਾਵਨਾ ਨੂੰ ਦਰਸਾਇਆ ਗਿਆ। ਇਸ ਸਮਾਗਮ ਵਿਚ ਨਾ ਸਿਰਫ਼ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ ਬਲਕਿ ਪਿਛਲੇ ਸਾਲਾਂ ਦੌਰਾਨ ਕੈਂਪਸ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਵੀ ਸ਼ਿਰਕਤ ਕਰਦੇ ਹੋਏ ਪੁਰਾਣੇ ਸਮੇਂ ਨੂੰ ਯਾਦ ਕੀਤਾ। ਇਸ ਮਹੱਤਵਪੂਰਨ ਮੀਲ ਪੱਥਰ ਨੂੰ ਯਾਦ ਕਰਨ ਲਈ ਪੀੜ੍ਹੀਆਂ ਨੂੰ ਇਕੱਠਾ ਕੀਤਾ।

ਇਸ ਸਮਾਰੋਹ ਦੀ ਸ਼ੁਰੂਆਤ ਦੀਪ ਸ਼ਿਖਾ ਅਤੇ ਰਵਾਇਤੀ ਤਿਲਕ ਸਮਾਰੋਹ ਨਾਲ ਹੋਈ, ਜਿਸ ਵਿਚ ਸਾਬਕਾ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਵਿਸ਼ੇਸ਼ "50 ਸਾਲਾਂ ਦੀ ਯਾਤਰਾ" ਬੈਨਰ ਹੇਠ ਵੀਡੀਓ ਪੇਸ਼ਕਾਰੀ ਨੇ ਹਾਜ਼ਰੀਨ ਨੂੰ ਉਨ੍ਹਾਂ ਦੀਆਂ ਯਾਦਾਂ ਦੇ ਸਮੁੰਦਰ ਵਿਚ ਵਹਾਅ ਕੇ ਲੈ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਗਿਆ।

ਸੰਸਥਾ ਦੇ ਸੰਸਥਾਪਕ ਡਾਇਰੈਕਟਰ ਪ੍ਰਿੰਸੀਪਲ ਰਣਜੀਤ ਬੇਦੀ ਨੇ ਵੀ ਆਪਣੇ ਹੁਣ ਤੱਕ ਦੇ ਸਫ਼ਰ ਨੂੰ ਸਾਂਝਾ ਕਰਦੇ ਹੋਏ ਇਕ ਅਧਿਆਪਕ ਦੇ ਵਿਦਿਆਰਥੀ ਦੇ ਜੀਵਨ ਤੇ ਪੈਣ ਵਾਲੇ ਸਫ਼ਰ ਤੇ ਚਰਚਾ ਕੀਤੀ। ਸਮਾਗਮ ਦੀ ਸਮਾਪਤੀ ਗਿਆਨ ਜੋਤੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਜੇ.ਐਸ. ਬੇਦੀ ਨੇ ਸਕੂਲ ਦੀ ਵਿਰਾਸਤ ਤੇ ਚਰਚਾ ਕਰਦੇ ਹੋਏ ਸਮਾਗਮ ਦੀ ਸਫਲਤਾ ਵਿਚ ਯੋਗਦਾਨ ਪਾਉਣ ਵਾਲੇ ਹਰੇਕ ਵਿਅਕਤੀ ਦੀ ਡੂੰਘੀ ਪ੍ਰਸ਼ੰਸਾ ਕੀਤੀ।ਇਸ ਮੌਕੇ ਤੇ ਸਾਬਕਾ ਵਿਦਿਆਰਥੀਆਂ ਅਤੇ ਸਾਬਕਾ ਅਧਿਆਪਕਾਂ ਨੇ ਕੈਂਪਸ ਵਿਚ ਯਾਦਗਾਰੀ ਬੂਟੇ ਲਗਾ ਕੇ ਇਸ ਸਮੇਂ ਨੂੰ ਇਕ ਪ੍ਰਤੱਖ ਯਾਦਗਾਰ ਦੇ ਰੂਪ ਵਿਚ ਖੜਾ ਕਰ ਦਿਤਾ।ਅਖੀਰ ਵਿਚ ਇਕ ਯਾਦਗਾਰੀ ਫ਼ੋਟੋ ਵੀ ਖਿਚਵਾਈ ਗਈ ।






LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH



1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ,
ਫਰੀਹੋਲਡ ਟਾਊਨ ਹਾਊਸ, ਓਕ
ਸਟੇਅਰਕੇਸ, ਹਾਰਡਵੁੱਡ ਅਤੇ
ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ
ਮਾਸਟਰ ਬੈਡਰੂਮ ਵਿਚ 5 ਪੀਸ
ਇਨਸੂਇਟ ਅਤੇ ਵਾਕ ਇਨ
ਕਲੋਜ਼ਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE




2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ
ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ
ਇਨਸੂਇਟ ਅਤੇ His & Her
ਕਲੋਜ਼ਿਟ, Laundary ਮੇਨ ਫਲੋਰ
ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION



900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ,
ਨਵਾਂ ਪੈਂਟ, ਨਵੇਂ ਲੈਮੀਨੇਟ ਫਲੋਰ,
ਬਹੁਤ ਖੁਲੀ ਬਾਲਕੋਨੀ,
2 ਪਾਰਕਿੰਗ (ਲਿਫਟ ਦੇ ਬਿਲੱਕੁਲ
ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ–
Square One + Celebration
Square, Grand Park Plaza,
Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ
ਇਨਸੂਇਟ ਅਤੇ Walk-in ਕਲੋਜ਼ਿਟ,
Laundary ਮੇਨ ਫਲੋਰ ਤੇ।
ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN
International
CIRCUS
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA